# ਯਹੂਦੀ ਅਤੇ ਸਿਖ ਮੱਤ ਦਾ ਤੁਲਨਾਤਮਕ ਅਧਿਐਨ

ਇਹ ਲੇਖ, ਦਾਸ ਦੇ ਸਤਿਕਾਰ ਜੋਗ ਅਧਿਆਪਕ, ਪ੍ਰਿੰਸੀਪਲ ਸਵਰਨਜੀਤ ਸਿੰਘ ਜੀ ਦੀ ਪ੍ਰੇਰਣਾ ਨਾਲ ਲਿਖਿਆ ਗਿਆ ਹੈ। ਉਨ੍ਹਾਂ ਨੂੰ ਅਮਰੀਕਾ ਵਿਚ, ਯਹੂਦੀਆਂ ਦੇ ਅਤੇ ਉਨ੍ਹਾਂ ਦੀ ਮਾਇਆ ਦੇ ਪ੍ਰਭਾਵ ਥੱਲੇ ਆ ਕੇ, ਕਈ ਭੋਲੇ-ਭਾਲੇ ਸਿਖ ਮਿਲੇ, ਜੋ ਸਿਖੀ ਤਿਆਗ ਕੇ ਯਹੂਦੀ ਮੱਤ ਨੂੰ ਧਾਰਣ ਕਰ ਚੁਕੇ ਹਨ ਅਤੇ ਧਾਰਣ ਕਰ ਰਹੇ ਹਨ। ਇਹ ਲੇਖ ਉਨ੍ਹਾਂ ਭਟਕੇ ਹੋਇਆਂ ਨੂੰ, ਸਹੀ ਰਸਤਾ ਦਿਖਾਉਣ ਦਾ, ਇਕ ਨਿਮਾਣਾ ਜਿਹਾ ਉਪਰਾਲਾ ਹੈ।

Judaism ਜਾਂ ਯਹੂਦੀ ਮਤ (Religion of Jews) ਦਾ ਕੇਂਦਰ, ਭਾਵੇਂ ਇਸਰਾਇਲ ਹੈ ਪਰ ਅਜ ਇਸ ਮਤ ਦੇ ਅਨੁਯਾਯੀ ਅਨੇਕ ਦੇਸ਼ਾਂ ਵਿਚ ਮੌਜੂਦ ਹਨ। ਇਨ੍ਹਾਂ ਦੀ ਧਾਰਮਕ ਪੁਸਤਕ ਦਾ ਨਾਂ **Hebrew Bible** ਹੈ। ਪੰਜਾਬੀ ਵਿਚ ਇਸ ਨੂੰ **ਤੁਰੈਤ** ਕਹਿੰਦੇ ਹਨ। ਈਸਾਈ ਮਤ ਦੇ ਅਨੁਯਾਯੀਆਂ ਦੀ Bible ਦੇ ਦੋ ਹਿਸੇ ਹਨ, Old Testament ਅਤੇ New Testament. ਇਹ ਜੋ Old Testament ਹੈ, ਇਹੀ Hebrew Bible ਹੈ। ਯਹੂਦੀ, ਇਸੇ ਨੂੰ ਹੀ ਸਮੁਚੀ Bible ਮੰਨਦੇ ਹਨ ਕਿਉਂਕਿ ਉਹ New Testament ਨੂੰ ਸਵੀਕਾਰ ਨਹੀਂ ਕਰਦੇ। ਪਰ ਦੂਜੇ ਪਾਸੇ, ਈਸਾਈ, ਇਸਨੂੰ Old Testament ਅਤੇ Jesus ਦੇ ਉਪਦੇਸ਼ਾਂ ਵਾਲੇ ਹਿਸੇ ਨੂੰ New Testament ਕਹਿ ਕੇ, ਇਨ੍ਹਾਂ ਦੋਹਾਂ ਹਿੱਸਿਆਂ ਨੂੰ ਮਿਲਾ ਕੇ, ਪੂਰਨ Bible ਮੰਨਦੇ ਹਨ। ਯਹੂਦੀ, Jesus ਦੀ ਪੈਗ਼ੰਬਰੀ ਅਤੇ New Testament ਦੀ ਹੋਂਦ ਨੂੰ ਸਵੀਕਾਰ ਨਹੀਂ ਕਰਦੇ।

ਯਹੂਦੀ ਮਤ ਦੀ ਧਾਰਣਾ ਹੈ ਕਿ ਯਹੂਦੀ ਮਤ ਉਤਨਾ ਹੀ ਪੁਰਾਣਾ ਹੈ, ਜਿਤਨੀ ਇਹ ਸ੍ਰਿਸ਼ਟੀ। ਯਹੂਦੀ ਮਤ ਦੇ ਮੁਢਲੇ ਅਸੂਲਾਂ ਨੂੰ 10 ਸਿਖਿਆਵਾਂ ਜਾਂ Ten Commandments ਕਹਿੰਦੇ ਹਨ। ਇਹ ਇੰਵ ਹਨ:

1. ਇਕ ਪਰਮੇਸ਼ਰ ਤੋਂ ਇਲਾਵਾ ਹੋਰ ਕਿਸੇ ਦੇਵਤੇ ਦੀ ਉਪਾਸਨਾ ਨਹੀਂ ਕਰਨੀ।

2. ਕਿਸੇ ਵੀ ਤਰੀਕੇ ਨਾਲ ਬੁਤ/ਮੂਰਤੀ ਪੂਜਾ ਨਹੀਂ ਕਰਨੀ।

3. ਪਰਮੇਸ਼ਰ ਦਾ ਨਾਂ ਗ਼ਲਤ ਢੰਗ ਨਾਲ ਨਹੀਂ ਵਰਤਣਾ।

4. ਸੱਬੱਥ ਦੇ ਨਿਯਮ ਦੀ ਉਲੰਘਣਾ ਨਹੀਂ ਕਰਨੀ। ਇਹ ਦਿਨ ਪਰਮੇਸ਼ਰ

ਲਈ ਪਵਿਤਰ ਠਹਿਰਾਇਆ ਗਿਆ ਹੈ ਅਤੇ ਇਸ ਦਿਨ ਕੋਈ ਕੰਮ ਧੰਧਾ ਨਹੀਂ ਕਰਨਾ।

5. ਆਪਣੇ ਮਾਤਾ ਪਿਤਾ ਦਾ ਸਤਿਕਾਰ ਕਰਨਾ ਹੈ।

6. ਕਿਸੇ ਦਾ ਕਤਲ ਨਹੀਂ ਕਰਨਾ।

7. ਵਿਭਚਾਰ ਨਹੀਂ ਕਰਨਾ।

8. ਚੋਰੀ ਨਹੀਂ ਕਰਨੀ।

9. ਅਦਾਲਤ ਵਿਚ ਕਿਸੇ ਬਾਰੇ ਝੂਠੀ ਗਵਾਹੀ ਨਹੀਂ ਭਰਣੀ।

10. ਆਪਣੇ ਗੁਆਂਢੀ ਦੇ ਘਰ ਦੀ ਇਛਾ ਨਹੀਂ ਕਰਨੀ ਚਾਹੀਦੀ। ਗੁਆਂਢੀ ਦੀ ਪਤਨੀ, ਉਸ ਦੇ ਦਾਸ ਜਾਂ ਦਾਸੀਆਂ, ਉਸ ਦੇ ਬਲਦ ਜਾਂ ਖੋਤੇ ਜਾਂ ਗੁਆਂਢੀ ਨਾਲ ਸੰਬੰਧਿਤ ਕਿਸੇ ਵੀ ਚੀਜ਼ ਨੂੰ ਪਾਉਣ ਦੀ ਇਛਾ ਨਹੀਂ ਕਰਨੀ।

(Exodus (ਕੂਚ) 20:3-17)

## ਸਿਖ ਧਰਮ ਨਾਲ ਸਮਾਨਤਾਵਾਂ :

1. ਦੋਨੋ ਧਰਮ ਇਕ ਈਸ਼ਵਰ ਵਾਦੀ ਹਨ, ਇਕ ਪਰਮਾਤਮਾ ਵਿਚ ਵਿਸ਼ਵਾਸ਼ ਰਖਦੇ ਹਨ। ਫ਼ਰਕ ਸਿਰਫ਼ ਇਤਨਾ ਹੈ ਕਿ ਯਹੂਦੀਆਂ ਦੇ ਧਰਮ ਗ੍ਰੰਥ ਤੁਰੈਤ (Judaic Bible or Old Testament of Bible) ਵਿਚ ਪਰਮਾਤਮਾ ਦਾ ਨਾਂ ਸਿਰਫ਼ ਯਹੋਵਾ (Yahweh) ਕਿਹਾ ਗਿਆ ਹੈ। ਪਰ ਸਿਖ ਧਰਮ ਵਿਚ ਪਰਮਾਤਮਾ ਦੇ ਵਾਹਗੁਰੂ, ਰਾਮ, ਗੋਪਾਲ, ਮੁਰਾਰੀ, ਬੀਠਲ, ਹਰੀ, ਪ੍ਰਭੂ, ਅਲ੍ਹਾ, ਖ਼ੁਦਾ ਆਦਿ, ਅਨੇਕਾਂ ਨਾਂ, ਪਰਵਾਨ ਕੀਤੇ ਗਏ ਹਨ।

2. ਦੋਵੇਂ ਧਰਮ ਦੇਵਤਿਆਂ ਦੀ ਪੂਜਾ ਦੇ ਵਿਰੋਧੀ ਹਨ।

3. ਦੋਵੇਂ ਧਰਮ ਬੁੱਤ ਬਣਾਉਣ ਅਤੇ ਉਨ੍ਹਾਂ ਦੀ ਪੂਜਾ ਕਰਣ ਦੇ ਸਖ਼ਤ ਵਿਰੋਧੀ ਹਨ।

4. ਜੋ ਪ੍ਰਭੂ ਨੂੰ ਪਿਆਰ ਕਰਦੇ ਹਨ, ਉਨ੍ਹਾਂ ਨੂੰ ਪ੍ਰਭੂ ਵੀ ਪਿਆਰ ਕਰਦਾ ਹੈ।

5. ਮਾਤਾ ਪਿਤਾ ਦਾ ਸਤਿਕਾਰ, ਦੋਹਾਂ ਧਰਮਾਂ ਵਿਚ ਪ੍ਰਵਾਨਤ ਹੈ।

6. ਬਿਨਾਂ ਕਾਰਣ ਕਤਲ ਕਰਣਾ ਵਿਵਰਜਤ ਹੈ।

7. ਵਿਭਚਾਰ, ਦੋਹਾਂ ਧਰਮਾਂ ਵਿਚ ਵਿਵਰਜਤ ਹੈ।

8. ਚੋਰੀ ਕਰਣੀ, ਦੋਹਾਂ ਧਰਮਾਂ ਵਿਚ ਵਰਜਤ ਹੈ।

9. ਪਰ ਇਸਤਰੀ, ਪਰ ਧਨ ਤੇ ਅੱਖ ਰਖਣੀ , ਦੋਹਾਂ ਧਰਮਾਂ ਵਿਚ ਵਰਜਤ ਹੈ।

ਭਾਵੇਂ, ਤੁਰੈਤ ਵਿਚ ਇਹ ਗਲਾਂ ਸਿਰਫ਼ ਗੁਆਂਢੀ ਦੀ ਇਸਤਰੀ ਅਤੇ ਧਨ ਬਾਰੇ ਕਹੀਆਂ ਗਈਆਂ ਹਨ, ਜਦ ਕਿ ਸਿਖ ਧਰਮ ਅਨੁਸਾਰ ਕਿਸੇ ਵੀ ਪਰ ਇਸਤਰੀ, ਪਰ ਪੁਰਸ਼ ਅਤੇ ਪਰ ਧਨ ਤੇ ਬੁਰੀ ਅੱਖ ਰਖਣਾ ਵਰਜਿਤ ਹੈ।

10. ਸਿਰਾਂ ਦੀਆਂ, ਦਾੜ੍ਹੀ ਦੀਆਂ ਨੁਕਰਾਂ ਨਹੀਂ ਮੁੰਨਵਾਣੀਆਂ ਨਾ ਵਿਗਾੜਨੀਆਂ, ਜਾਦੂ ਨਹੀਂ ਕਰਨੇ, ਮਹੂਰਤ ਨਹੀਂ ਵੇਖਣੇ। ਕਿਸੇ ਦੇ ਮਰਨ ਤੇ ਆਪਣੇ ਸਰੀਰਾਂ ਨੂੰ ਨਹੀਂ ਚੀਰਨਾਂ, ਨਾ ਆਪਣੇ ਤੇ ਨਿਸ਼ਾਨੀਆਂ ਠੁਕਵਾਣੀਆਂ (tatoos)। ਲੇਵੀਆਂ 19:26-28.

ਸਿਖ ਧਰਮ ਅਨੁਸਾਰ ਕੇਸਾਂ ਦੀ ਕਿਸੇ ਵੀ ਤਰੀਕੇ ਨਾਲ ਬੇ ਅਦਬੀ ਪਰਵਾਨਤ ਨਹੀਂ। ਸਰੀਰ ਦਾ ਵਿਗਾੜਨਾ ਵੀ ਅਪਰਵਾਨਤ ਹੈ। ਸਾਬਤ ਸੂਰਤ ਰਹਿਣ ਦਾ ਉਪਦੇਸ਼ ਹੈ। ਹੋਰ ਵਹਿਮਾਂ ਭਰਮਾਂ ਨੂੰ ਵੀ ਸਵੀਕਾਰ ਨਹੀਂ ਕੀਤਾ ਗਿਆ।

## ਸਿਖ ਧਰਮ ਨਾਲ ਅਸਮਾਨਤਾਵਾਂ :

1. **ਪਰਮਾਤਮਾ ਬਾਰੇ** : ਬੇਸ਼ਕ ਦੋਨੋਂ ਧਰਮ ਬੁਨਿਆਦੀ ਤੌਰ ਤੇ ਇਕ ਈਸ਼ਵਰ ਨੂੰ ਮੰਨਦੇ ਹਨ ਅਤੇ ਕਰੜਾਈ ਨਾਲ ਸਿਰਫ਼ ਇਕੋ ਈਸ਼ਵਰ ਦੀ ਅਰਾਧਨਾ ਦੇ ਹਾਮੀ ਹਨ, ਪਰ ਪਰਮਾਤਮਾ ਦੇ ਗੁਣਾਂ ਬਾਰੇ ਦੋਹਾਂ ਵਿਚ ਹੇਠ ਲਿਖੇ ਵਖਰੇਵੇਂ ਹਨ -

i) ਤੁਰੈਤ ਵਿਚ ਪਰਮਾਤਮਾ 6 ਦਿਨ ਸ੍ਰਿਸ਼ਟੀ ਸਾਜਣਾਂ ਤੋਂ ਬਾਅਦ ਥੱਕ ਗਿਆ ਅਤੇ ਉਸ ਨੂੰ 7ਵੇਂ ਦਿਨ ਆਰਾਮ ਕਰਣ ਦੀ ਲੋੜ ਪਈ। ਪਰ ਗੁਰਮਤਿ ਵਿਚ ਪਰਮਾਤਮਾ '**ਸਦਾ ਸਦ ਜਾਗਤ**' ਹੈ, ਆਰਾਮ ਕਰਣ ਦੀ ਕੋਈ ਲੋੜ ਨਹੀਂ। ਸ੍ਰਿਸ਼ਟੀ ਸਾਜਨਾ ਦਾ ਕੰਮ ਹਮੇਸ਼ਾਂ ਚਲਦਾ ਰਹਿੰਦਾ ਹੈ।

ii) ਯਹੋਵਾ (ਪਰਮਾਤਮਾ) ਨੇ ਸਿਰਫ਼ 7ਵਾਂ ਦਿਨ ਆਰਾਮ ਕਰਣ ਅਤੇ ਪਰਮੇਸ਼ਰ ਨੂੰ ਯਾਦ ਕਰਣ ਲਈ ਕਿਹਾ। ਇਹ ਯਹੋਵਾ ਦਾ ਦਿਨ ਮੰਨਿਆਂ ਜਾਂਦਾ ਹੈ, ਇਸ ਦਿਨ ਨੂੰ **ਸੱਬੱਥ** (**Sabbath**) ਦਾ ਦਿਨ ਕਿਹਾ ਗਿਆ। ਇਸ ਦਿਨ ਨੂੰ ਯਹੋਵਾ ਨੇ ਪਵਿੱਤਰ ਠਹਿਰਾਇਆ (ਮਤੀ 2:1), ਪਰ ਗੁਰਮਤਿ ਅਨੁਸਾਰ, ਸਾਰੇ ਦਿਨ ਪਵਿਤਰ ਹਨ, ਪਰਮਾਤਮਾ ਦਾ ਨਾਮ, ਸਿਰਫ਼, ਨਾ ਸਿਰਫ਼ ਇਕ ਦਿਨ, ਨਾ ਹੀ ਸਿਰਫ਼ ਰੋਜ਼ਾਨਾ, ਸਗੋਂ ਹਰ ਵਕਤ ਜਪਣ ਦਾ ਉਪਦੇਸ਼ ਹੈ।

iii) ਪਹਿਲੇ ਅਧਿਆਏ, ਮਤੀ 3:8 ਵਿਚ ਅੰਕਤ ਹੈ ਕਿ ਜਦੋਂ, ਪਰਮੇਸ਼ਰ, ਅਦਨ ਦੇ ਬਾਗ਼ ਵਿਚ, ਪਹਿਲੇ ਸਾਜੇ ਮਨੁਖ ਜੋੜੇ ਨੂੰ ਮਿਲਣ ਆਇਆ ਤਾਂ ਉਹ ਜੋੜਾ, ਆਪਣੇ ਆਪ ਨੂੰ ਨੰਗਾ ਸਮਝ ਕੇ ਛੁਪ ਗਏ ਤਾਂ ਪਰਮੇਸ਼ਰ ਨੇ ਆਵਾਜ਼ ਦੇ ਕੇ ਪੁੱਛਿਆ ਕਿ 'ਤੁਸੀਂ ਕਿਥੇ ਹੋ'। ਉਹ ਹਰ ਥਾਂ ਤੇ ਮੌਜੂਦ ਨਹੀਂ ਹੈ ਅਤੇ ਅੰਤਰਜਾਮੀ ਨਹੀਂ ਹੈ। ਉਸਨੂੰ ਪੁਛਣਾ ਪਿਆ।

ਪਰ ਗੁਰਮਤਿ ਅਨੁਸਾਰ, ਪਰਮੇਸ਼ਰ, ਸਰਵ ਅੰਤਰਜਾਮੀ ਅਤੇ ਸਰਵ ਵਿਆਪਕ ਹੈ। 'ਤੂ ਸਭਨੀ ਥਾਈ ਜਿਥੈ ਹਉ ਜਾਈ ਸਾਚਾ ਸਿਰਜਣਹਾਰ ਜੀਉ।।' ਅਤੇ 'ਘਟ ਘਟ ਕੇ ਅੰਤਰ ਕੀ ਜਾਨਤ।। ਭਲੇ ਬੁਰੇ ਕੀ ਪੀਰ ਪਛਾਨਤ।।'

ਸੱਪ ਦੇ ਭਰਮਾਉਣ ਤੇ, ਆਦਮੀ ਤੇ ਔਰਤ ਦੇ ਵਰਜਿਤ ਫ਼ਲ ਖਾਣ ਤੇ ਪਰਮਾਤਮਾ ਨੇ, ਤਿੰਨਾਂ ਨੂੰ ਸਰਾਪ ਦੇ ਦਿਤਾ। ਯਹੋਵਾ ਜਬਾਰ ਹੈ, ਸਾਰੀ ਕਾਇਨਾਤ ਤੇ ਕਹਿਰ ਵੀ ਢਾਹ ਦਿੰਦਾ ਹੈ। ਉਹ ਬਦਲਾ ਲੈਂਦਾ ਹੈ।

ਪਰ ਗੁਰਮਤਿ ਅਨੁਸਾਰ, ਪ੍ਰਭੂ ਬਖ਼ਸ਼ੰਦ ਹੈ, ਦਇਆਲੂ ਹੈ। 'ਕਰੀਮਾਂ ਰਹੀਮਾਂ ਅਲਾਹ ਤੂ ਗਨੀ।।..ਨਾਮੇ ਚੇ ਸੁਆਮੀ ਬਖਸੰਦ ਤੂੰ ਹਰੀ।।'

iv) ਪਰਮੇਸ਼ਰ ਨੇ ਪਹਿਲੇ ਪੁਤਰ ਤੋਂ ਮਾਸ ਦਾ ਗੋਸ਼ਤ ਚਰਬੀ, ਪ੍ਰਸ਼ਾਦ ਦੇ ਰੂਪ ਵਿਚ ਸਵਿਕਾਰ ਕੀਤਾ (ਮਤੀ 4:3-5) ਪਰ ਸਿਖ ਧਰਮ ਵਿਚ ਮਾਸ, ਗੋਸ਼ਤ ਨੂੰ ਪ੍ਰਸ਼ਾਦ ਮੰਨ ਕੇ ਲੰਗਰ ਵਿਚ ਪ੍ਰਵਾਨ ਨਹੀਂ ਕੀਤਾ ਜਾਂਦਾ।

v) ਮਤੀ 6:6 ਤੇ ਅੰਕਤ ਹੈ ਕਿ ਯਹੋਵਾ ਨੂੰ, ਆਪਣੇ ਵਲੋਂ ਮਨੁਖ ਸਾਜਣ ਤੇ ਅਫ਼ਸੋਸ ਹੋਇਆ। ਉਹ ਮਨੁਖ ਨੂੰ ਸਭ ਕੁਝ ਦੇ ਕੇ, ਵਾਰ ਵਾਰ ਪਛਤਾਉਂਦਾ ਹੈ।

ਪਰ ਇਸ ਤੋਂ ਉਲਟ ਸਿਖ ਧਰਮ ਅਨੁਸਾਰ, ਪਰਮੇਸ਼ਰ ਪੂਰਣ ਹੈ ਅਤੇ ਉਸਦਾ ਸਭ ਕੁਝ ਕੀਤਾ ਵੀ ਪੂਰਣ ਹੈ, ਉਸ ਦੇ ਪਛਤਾਉਣ ਦੀ ਕੋਈ ਗੁੰਜਾਇਸ਼ ਨਹੀਂ - 'ਪੂਰੇ ਕਾ ਕੀਆ ਸਭ ਕਿਛੁ ਪੂਰਾ..', ਪੰਨਾ ੧੪੧੨. 'ਹਰਿ ਕੀਆ ਸਦਾ ਸਦਾ ਵਡਿਆਈਆ ਦੇਇ ਨ ਪਛੋਤਾਇ।।', ਪੰਨਾ ੬੫੩.

2. **ਸ੍ਰਿਸ਼ਟੀ ਰਚਨਾ ਬਾਰੇ** :

ਤੁਰੈਤ ਦੇ ਪਹਿਲੇ ਅਧਿਆਇ 'ਉਤਪਤ' ਦੇ ਅਰੰਭ ਵਿਚ ਹੀ, 6 ਦਿਨਾਂ ਵਿਚ ਸ੍ਰਿਸ਼ਟੀ ਦੀ ਸਾਜਨਾ ਬਾਰੇ ਜੋ ਕੁਝ ਵੀ ਲਿਖਿਆ ਹੈ, ਉਹ ਵਿਗਿਆਨਕ ਤੌਰ ਤੇ ਗ਼ਲਤ ਸਾਬਤ ਹੋ ਚੁਕਿਆ ਹੈ। ਮਿਸਾਲ ਦੇ ਤੌਰ ਤੇ - ਸੂਰਜ ਅਤੇ ਚੰਨ ਨੂੰ **ਚੌਥੇ ਦਿਨ** ਸਾਜਿਆ ਗਿਆ, ਪਰ ਰੌਸ਼ਨੀ ਨੂੰ ਸਾਜ ਕੇ ਦਿਨ ਅਤੇ ਹਨੇਰੇ ਨੂੰ ਰਾਤ,

**ਪਹਿਲੇ ਹੀ ਦਿਨ**, ਕਹਿ ਦਿਤਾ। ਸੂਰਜ ਦੀ ਹੋਂਦ ਤੋਂ ਬਿਨਾਂ ਦਿਨ ਅਤੇ ਰਾਤ ਕਿਵੇਂ ਹੋ ਸਕਦੇ ਹਨ ! 6 ਦਿਨਾਂ ਦੀ ਸਾਰੀ ਰਚਨਾ, ਬਿਲਕੁਲ ਅਤਰਕਸੰਗਤ ਅਤੇ ਅਵਿਗਿਆਨਕ ਹੈ।

ਦੂਜੇ ਪਾਸੇ ਗੁਰਬਾਣੀ ਵਿਚ ਸ੍ਰਿਸ਼ਟੀ ਦੀ ਰਚਨਾ ਵਾਹਗੁਰੂ ਦੇ ਹੁਕਮ ਵਿਚ ਮੰਨੀ ਗਈ ਹੈ। ਸ੍ਰੀ ਗੁਰੂ ਨਾਨਕ ਸਾਹਿਬ ਅਨੁਸਾਰ - 'ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ।। ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ।।' ਭਾਵ, ਸਚ, ਵਾਹਗੁਰੂ ਤੋਂ ਪਵਣ, ਭਾਵ ਗੈਸੀ ਅਕਾਰ ਵਿਚ ਸ੍ਰਿਸ਼ਟੀ ਦੀ ਹੋਂਦ ਆਈ, ਫ਼ਿਰ ਉਸ ਤੋਂ ਜਲ, ਭਾਵ, ਤਰਲ ਪਦਾਰਥ ਹੋਂਦ ਵਿਚ ਆਇਆ। ਅਖੀਰ ਤੇ ਤ੍ਰਿਭਵਣ ਦੀ ਰਚਨਾ ਸਾਹਮਣੇ ਆਈ, ਜਿਸ ਵਿਚ ਉਹ ਸਚ ਪ੍ਰਭੂ ਸਮਾਇਆ ਹੋਇਆ ਹੈ। ਵਿਗਿਆਨ ਇਤਨਾ ਕੁ ਮੰਨਦਾ ਹੈ ਕਿ ਪਹਿਲਾਂ ਸਭ ਕੁਝ ਗੈਸ ਰੂਪ ਸੀ, ਫ਼ਿਰ ਠੰਢਾ ਹੋਣ ਤੇ ਤਰਲ ਰੂਪ ਬਣਿਆ ਅਤੇ ਅਖੀਰ ਤੇ ਠੋਸ ਰੂਪ ਸਾਹਮਣੇ ਆਇਆ। ਸਚ ਦੀ ਗਲ ਤੱਕ ਵਿਗਿਆਨ ਨਹੀਂ ਪੁਜਿਆ।

ਤੁਰੈਤ ਅਨੁਸਾਰ, ਇਸਤਰੀ ਦੀ ਰਚਨਾ, ਪੁਰਸ਼ ਨੂੰ ਬੇਹੋਸ਼ ਕਰਕੇ, ਉਸਦੀ ਇਕ ਪਸਲੀ ਕਢ ਕੇ, ਉਸ ਦੀ ਥਾਂ ਮਾਸ ਭਰਕੇ, ਉਸ ਪਸਲੀ ਤੋਂ ਇਸਤਰੀ ਬਣਾਈ ਗਈ। ਉਹ ਵੀ ਇਸ ਕਰਕੇ ਕਿ ਆਦਮੀ ਇਕੱਲਾ ਉਦਾਸ ਹੋ ਗਿਆ ਅਤੇ ਉਸਦਾ ਦਿਲ ਲਗਾਉਣ ਲਈ ਨਾਰੀ ਬਣਾਈ ਗਈ। ਇਹ ਬਿਲਕੁਲ ਗ਼ੈਰ-ਵਿਗਿਆਨਕ ਕਹਾਣੀ, ਜਿਸ ਦਾ ਕੋਈ ਸਬੂਤ ਨਹੀਂ ਮਿਲਦਾ।

ਗੁਰਮਤਿ ਵਿਚ, ਇਸਤਰੀ ਨੂੰ ਸਨਮਾਨ ਦਾ ਸਥਾਨ ਦਿਤਾ ਗਿਆ ਹੈ।

ਆਦਮੀ ਨੂੰ, ਇਕ ਮਨੋ-ਕਲਪਿਤ, ਅਦਨ ਦੇ ਬਾਗ਼ ਵਿਚ ਰਖਿਆ ਗਿਆ, ਜਿਥੇ ਸਭ ਸੁਖ ਸੁਵਿਧਾਵਾਂ ਮੌਜੂਦ ਸਨ। ਉਹ ਬਾਗ਼ ਕਿਥੇ ਹੈ, ਕੋਈ ਨਹੀਂ ਦਸ ਸਕਦਾ।

ਤੁਰੈਤ ਅਨੁਸਾਰ ਮੰਨਿਆਂ ਜਾਂਦਾ ਹੈ ਕਿ ਸੂਰਜ ਧਰਤੀ ਦੁਆਲੇ ਘੁੰਮਦਾ ਹੈ। ਯਹੋਸ਼ੁਆ (Joshua) ਅਧਿਆਏ ਵਿਚ 10:12 ਤੇ ਅੰਕਤ ਹੈ ਕਿ ਯਹੋਸ਼ੁਆ ਸੂਰਜ ਨੂੰ ਅਕਾਸ਼ ਦੇ ਵਿਚਕਾਰ ਵਿਚ ਠਹਿਰਾ ਦਿਤਾ, ਉਸ ਨੂੰ ਆਕਾਸ਼ ਵਿਚੋਂ ਡੁੱਬਣ ਤੋਂ ਰੋਕ ਲਿਆ, ਅਤੇ ਚੰਨ ਵੀ ਅੱਯਾਲੋਨ ਦੀ ਖਡ ਵਿਚ ਠਹਿਰਾ ਦਿਤਾ। ਇਸ ਦਾ ਭਾਵ ਇਹ ਮੰਨਿਆ ਜਾਂਦਾ ਹੈ ਕਿ ਸੂਰਜ ਹੀ ਧਰਤੀ ਦੁਆਲੇ ਘੁੰਮਦਾ ਹੈ। 1642 AD ਵਿਚ ਗੈਲੀਲੀਓ ਨੂੰ ਇਸ ਕਰਕੇ ਮੌਤ ਦੀ

ਸਜ਼ਾ ਦੇ ਦਿਤੀ ਗਈ ਸੀ ਕਿਉਂਕਿ ਉਸ ਨੇ ਤੁਰੈਤ ਦੇ ਬਚਨਾਂ ਤੋਂ ਉਲਟ ਇਹ ਕਹਿ ਦਿਤਾ ਸੀ ਕਿ ਧਰਤੀ, ਸੂਰਜ ਦੇ ਦੁਆਲੇ ਘੁੰਮਦੀ ਹੈ।

ਪਰ ਸ੍ਰੀ ਗੁਰੂ ਨਾਨਕ ਸਾਹਿਬ ਨੇ ਗੈਲੀਲੀਓ ਤੋਂ ਇਕ ਸਦੀ ਪਹਿਲਾਂ ਹੀ ਕਹਿ ਦਿਤਾ ਸੀ ਕਿ ਸੂਰਜ, ਚੰਨ, ਦਰੀਆਉ, ਭਾਵ, ਲਖਾਂ ਆਕਾਸ਼ ਗੰਗਾ ਆਦਿ (numerous galaxies) ਅਤੇ ਕਾਇਨਾਤ ਦਾ ਹਰ ਇਕ ਪਿੰਡ (Body) ਗਤੀ (motion) ਵਿਚ ਹੈ, ਜਿਸ ਨੂੰ ਅੱਜ ਵਿਗਿਆਨ ਨੇ ਸਚ ਸਾਬਤ ਕਰ ਦਿਤਾ ਹੋਇਆ ਹੈ। 'ਭੈ ਵਿਚਿ ਸੂਰਜੁ ਭੈ ਵਿਚਿ ਚੰਦੁ।। ਕੋਹ ਕਰੋੜੀ ਚਲਤ ਨ ਅੰਤੁ।।.. ਭੈ ਵਿਚਿ ਆਡਾਣੇ ਆਕਾਸ।।' ਅਤੇ 'ਭੈ ਵਿਚਿ ਚਲਹਿ ਲਖ ਦਰੀਆਉ।।' ਗੁਰਬਾਣੀ ਵਿਚ ਸ੍ਰਿਸ਼ਟੀ ਬਾਰੇ ਜਿਤਨੇ ਵੀ ਹਵਾਲੇ ਆਏ ਹਨ, ਉਨ੍ਹਾਂ ਤਕ, ਵਿਗਿਆਨ ਹੁਣ ਪੁਜ ਰਿਹਾ ਹੈ ਅਤੇ ਕਈਆਂ ਬਾਰੇ ਅਜੇ ਵੀ ਅਨੁਮਾਨ ਲਗਾਏ ਜਾ ਰਹੇ ਹਨ। ਪਰ ਗੁਰਬਾਣੀ ਦੀ ਕਿਸੇ ਗਲ ਨੂੰ ਗ਼ਲਤ ਸਾਬਤ ਨਹੀਂ ਕੀਤਾ ਜਾ ਸਕਿਆ।

**3. ਪਰਮੇਸ਼ਰ ਜਾਂ ਯਹੋਵਾ ਸਿਰਫ਼ ਇਸਰਾਇਲੀਆਂ ਦਾ ਪ੍ਰਭੂ** :

'**ਕੂਚ**' ਨਾਂ ਦੇ ਅਧਿਆਇ ਵਿਚ ਅੰਕਤ ਹੈ ਕਿ ਪਰਮੇਸ਼ਰ, ਸਿਰਫ਼ ਇਸਰਾਇਲੀਆਂ ਦਾ ਹੈ, ਬਾਕੀਆਂ ਦਾ ਨਹੀਂ, ਕੂਚ 19:5. ਹੋਰ ਵੀ ਅਨੇਕਾਂ ਥਾਵਾਂ ਤੇ ਇਹ ਗਲ ਦੋਹਰਾ ਦੋਹਰਾ ਕੇ ਕਹੀ ਗਈ ਹੈ। ਜੇ ਉਹ ਸਿਰਫ਼ ਇਸਰਾਇਲੀਆਂ ਦਾ ਹੀ ਹੈ ਤਾਂ ਬਾਕੀ ਦੁਨੀਆਂ ਕਿਥੇ ਜਾਵੇ? ਜਿਵੇਂ ਇਸਲਾਮ ਨੇ ਵੀ ਕਹਿ ਦਿਤਾ ਕਿ ਉਹ ਖ਼ੁਦਾ ਤਾਂ ਖਾਸ ਮਸੀਤ ਵਿਚ ਹੀ ਵਸਦਾ ਹੈ, ਤਾਂ ਭਾਈ, ਬਾਕੀ ਥਾਵਾਂ ਤੇ ਕੌਣ ਵਸਦਾ ਹੈ। ਇਹੀ ਸੁਆਲ, ਭਗਤ ਕਬੀਰ ਜੀ ਨੇ ਉਠਾਇਆ ਹੈ - 'ਅਲਹੁ ਏਕੁ ਮਸੀਤਿ ਬਸਤੁ ਹੈ ਅਵਰੁ ਮੁਲਖੁ ਕਿਸੁ ਕੇਰਾ।।'

ਸਿਖ ਧਰਮ ਅਨੁਸਾਰ, ਖ਼ਾਲਸਾ, ਗੁਰੂ ਨੂੰ ਪਿਆਰਾ ਜ਼ਰੂਰ ਹੈ ਪਰ, ਪਰਮੇਸ਼ਰ ਸਭ ਦਾ ਸਾਂਝਾ ਪਿਤਾ ਹੈ। ਉਹ ਸਭ ਦੀ ਪ੍ਰਤਿਪਾਲਣਾ, ਬਿਨਾਂ ਭੇਦ ਭਾਵ ਦੇ ਕਰਦਾ ਹੈ - 'ਤੂੰ ਸਾਝਾ ਸਾਹਿਬੁ ਬਾਪੁ ਹਮਾਰਾ।। ਨਉ ਨਿਧਿ ਤੇਰੈ ਅਖੁਟ ਭੰਡਾਰਾ।।' ਸ੍ਰੀ ਗੁਰੂ ਅਰਜਨ ਸਾਹਿਬ ਫ਼ੁਰਮਾਣ ਕਰਦੇ ਹਨ ਕਿ ਪਰਮੇਸ਼ਰ, ਸਭ ਨੂੰ ਪੈਦਾ ਕਰਣ ਤੋਂ ਪਹਿਲਾਂ ਹੀ ਰਿਜ਼ਕ ਦਾ ਪ੍ਰਬੰਧ ਕਰ ਦਿੰਦਾ ਹੈ - 'ਜੀਅ ਜੰਤ ਸਭਿ ਪਾਛੈ ਕਰਿਆ ਪ੍ਰਥਮੇ ਰਿਜਕੁ ਸਮਾਹਾ।।', ਪੰਨਾ ੧੪੩.

**ਤੁਰੈਤ**, ਅਤਿਅੰਤ ਜਟਿਲ, ਕਰੜੇ ਨਿਯਮਾਂ ਦਾ ਗ੍ਰੰਥ ਹੈ। ਇਨ੍ਹਾਂ ਨਿਯਮਾਂ ਨੂੰ '**ਤੋਰਾਹ**' (Torah) ਕਹਿੰਦੇ ਹਨ। ਇਸ ਵਿਚ ਕੁਝ ਨਿਯਮਾਂ ਨੂੰ

ਛੱਡ ਕੇ ਬਾਕੀ ਬਹੁਤ ਸਾਰੇ ਅਜਿਹੇ ਨਿਯਮ ਵੀ ਹਨ ਜੋ ਬਿਲਕੁਲ **ਅਣ ਮਨੁਖੀ** ਅਤੇ **ਸ਼ਰਮਨਾਕ** ਵੀ ਹਨ। ਕਈ ਨਿਯਮ ਤਾਂ, ਕੁਦਰਤੀ ਮਨੁਖੀ ਹੱਕਾਂ (Natural human rights) ਦਾ ਘਾਣ ਵੀ ਕਰਦੇ ਹਨ। **ਜਿਵੇਂ** :

**i) ਤੀਵੀਆਂ ਦੀ ਅਸ਼ੁਧੀ ਅਤੇ ਸ਼ੁਧੀਕਰਣ:**

ਪੋਥੀ ਲੇਵੀਆਂ 12:1-8 ਵਿਚ ਅੰਕਤ ਹੈ ਕਿ ਮਾਹਵਾਰੀ ਦੇ ਸਾਰੇ ਦਿਨ ਅਤੇ ਬਚਾ ਜੰਮਣ ਤੋਂ ਬਾਅਦ 40 ਦਿਨ ਤੀਵੀਂ ਅਸ਼ੁੱਧ ਰਹਿੰਦੀ ਹੈ। ਉਸ ਨੂੰ ਕੋਈ ਪਵਿਤਰ ਵਸਤੂ ਛੋਹਣ ਦਾ ਹੱਕ ਨਹੀਂ।

ਉਸ ਤੋਂ ਬਾਅਦ ਉਸਦੀ ਸ਼ੁਧੀ ਕਰਣ ਲਈ ਇਕ ਲੇਲਾ ਅਤੇ ਇਕ ਘੁਘੀ ਦੀ ਬਲੀ, priests ਰਾਹੀਂ ਚੜ੍ਹਾਉਣੀ ਹੋਏਗੀ। ਇਸ ਤੋਂ ਸਪੱਸ਼ਟ ਹੈ ਕਿ priests, ਦੁਨੀਆਂ ਦਾ ਸ਼ੋਸ਼ਣ ਕਰਦੇ ਹਨ। ਉਨ੍ਹਾਂ ਦੇ ਲੇਲਾ ਅਤੇ ਘੁਘੀ ਦਾ ਮਾਸ ਖਾ ਲੈਣ ਨਾਲ, ਤੀਵੀਂ ਕਿਵੇਂ ਸ਼ੁੱਧ ਹੋ ਜਾਏਗੀ, ਇਹ ਅਤਰਕਸੰਗਤ, ਪਖੰਡ ਅਤੇ ਸ਼ੋਸ਼ਣ ਹੈ।

ਸ੍ਰੀ ਗੁਰੂ ਨਾਨਕ ਸਾਹਿਬ ਨੇ ਇਸ ਅਸ਼ੁਧੀ ਨੂੰ ਬਿਲਕੁਲ ਸਵੀਕਾਰ ਨਹੀਂ ਕੀਤਾ। ਹਿੰਦ ਵਿਚ ਵੀ ਇਹ ਅਸ਼ੁਧੀ, ਸੂਤਕ ਦੇ ਨਾਂ ਨਾਲ ਮੰਨੀ ਜਾਂਦੀ ਰਹੀ ਹੈ, ਜਿਸ ਨੂੰ, ਪਾਤਸ਼ਾਹ ਨੇ '**ਭਰਮ**' ਵਹਿਮ ਕਿਹਾ ਅਤੇ ਜਨਮ ਅਤੇ ਮਰਣ ਨੂੰ ਪਰਮਾਤਮਾ ਦਾ ਹੁਕਮ ਮੰਨਿਆ ਅਤੇ ਇਸ ਦੌਰਾਨ ਖਾਣਾ ਅਤੇ ਪੀਣਾ ਅਪਵਿਤਰ ਨਹੀਂ ਸਗੋਂ ਪਵਿਤਰ ਕਰਾਰ ਦਿਤਾ - 'ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ।। ਜੰਮਣ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ।। ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ।। ਨਾਨਕ ਜਿਨ੍ਹੀ ਗੁਰਮੁਖਿ ਬੁਝਿਆ ਤਿਨਾ ਸੂਤਕੁ ਨਾਹਿ।।'

**ii) ਦਾਸ ਜਾਂ ਗ਼ੁਲਾਮ ਪ੍ਰਥਾ (Slavery system)**

ਬਿਵਸਥਾ ਸਾਰ 15:12-18 ਵਿਚ ਦਾਸ ਜਾਂ ਗ਼ੁਲਾਮ ਰਖਣ ਨੂੰ ਮਾਨਤਾ ਦਿਤੀ ਗਈ ਹੈ। ਇਸ ਸਬੰਧੀ ਨਿਯਮ ਬਣਾਏ ਗਏ ਹਨ।

6 ਸਾਲ ਲਈ ਗੁਲਾਮ ਨੂੰ ਰਖਿਆ ਜਾ ਸਕਦਾ ਹੈ। 6 ਸਾਲ ਬਾਅਦ ਜਦੋਂ ਉਹ ਅਜ਼ਾਦ ਹੋਵੇ ਤਾਂ ਜੇ ਉਹ ਦਾਸ-ਤਵ ਤੋਂ ਬਾਅਦ ਵਿਆਹਿਆ ਗਿਆ ਸੀ ਤਾਂ ਉਸ ਨੂੰ ਆਪਣੀ ਪਤਨੀ ਦੇ ਕੇ ਜਾਣਾ ਪਏਗਾ ਅਤੇ ਉਹ ਮਾਲਕ ਦੀ ਹੋ ਜਾਏਗੀ। ਕੂਚ (Exodus) 21:3-4

ਪਰ ਗੁਰਮਤਿ ਅਨੁਸਾਰ, ਸਾਰੇ ਜੀਅ, ਉਸ ਮਾਲਕ ਪਰਮੇਸ਼ਰ ਦੇ ਬਣਾਏ ਹੋਏ

ਹਨ, ਇਸ ਲਈ ਸਾਰੇ ਬਰਾਬਰ ਹਨ। ਪਰਮੇਸ਼ਰ ਕਿਸੇ ਨਾਲ ਵਿਤਕਰਾ ਨਹੀਂ ਕਰਦਾ। ਹਿੰਦੂਆਂ ਵਿਚ ਉਚੀ ਨੀਵੀਂ ਜਾਤ ਦੀ ਅਸਮਾਨਤਾ ਸੀ, ਜਿਸਦਾ ਗੁਰੂ ਸਾਹਿਬਾਨ ਨੇ ਡੱਟ ਕੇ ਵਿਰੋਧ ਕੀਤਾ - 'ਫਕੜ ਜਾਤੀ ਫਕੜ ਨਾਉ।। ਸਭਨਾ ਜੀਆ ਇਕਾ ਛਾਉ।।' ਅਤੇ - 'ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ।।'

ਨਵੀਂ ਖੋਜ ਅਨੁਸਾਰ, ਸ੍ਰੀ ਗੁਰੂ ਨਾਨਕ ਸਾਹਿਬ ਨੇ ਯੂਰੋਪ ਅਤੇ ਅਮਰੀਕੀ ਮਹਾਂਦੀਪਾਂ ਵਿਚ ਜਾ ਕੇ ਗ਼ੁਲਾਮ ਪ੍ਰਥਾ ਦਾ ਵਿਰੋਧ ਕੀਤਾ।

http://www.quora.com/guru-nanak-martin-luther.html , http://satguru.weebly.com/ etc.

iii) **ਸ਼ਰਾਬ ਦਾ ਵੀ ਚੜ੍ਹਾਵਾ ਹੈ**

ਕੂਚ (Exodus) 22:29 ਮਾਸ ਸ਼ਰਾਬ ਦੀ ਕੋਈ ਮਨਾਹੀ ਨਹੀਂ।

ਗੁਰਮਤਿ ਅਨੁਸਾਰ ਸ਼ਰਾਬ ਆਦਿ ਨਸ਼ਿਆਂ ਦੀ ਪੂਰਣ ਮਨਾਹੀ ਹੈ - 'ਜਿਤੁ ਪੀਤੈ ਮਤਿ ਦੂਰਿ ਹੋਇ... ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ।।'

iv) **ਬਲੀਆਂ ਦਾ ਚਲਨ**

ਕੂਚ (Exodus)29:38-41 ਲੇਲਿਆਂ ਦੀ ਬਲੀ।

ਸਾਬਤ ਗਾਂ ਬਲਦ ਆਦਿ ਦੀ ਬਲੀ, priests ਦੇ ਬੂਹੇ ਤੇ। ਖ਼ੂਨ ਲੈ ਕੇ ਜੱਗ ਵੇਦੀ ਦੇ ਵਾਲੇ ਦੁਆਲੇ ਛਿੜਕ ਕੇ ਪਵਿੱਤਰ ਕਰਨਾ। ਆਂਦਰਾਂ ਦੀ ਚਰਬੀ, ਗੁਰਦੇ, ਵਖੀਆਂ ਦੀ ਚਰਬੀ, ਕਲੇਜਾ ਅੱਗ ਤੇ ਰਖ ਕੇ ਸਾੜੇ ਜਿਸ ਦੀ ਸੁਗੰਧੀ, ਯਹੋਵਾ ਲਈ ਭੇਟਾ ਹੈ, ਉਸ ਲਈ ਪ੍ਰਸ਼ਾਦ ਹੈ। ਸਾਰੀ ਚਰਬੀ ਯਹੋਵਾ ਦੀ ਹੈ। 3:16. ਸੁਖ-ਸਾਂਦ ਦੀ ਬਲੀ, ਵਖ ਵਖ ਕੀਤੇ ਪਾਪਾਂ ਦੀਆਂ ਵਖ ਵਖ ਬਲੀਆਂ।

ਸਿਖ ਧਰਮ ਦੇ ਵਿਚ ਅਕਾਰਣ ਹੀ, ਜਾਂ ਆਪਣੇ ਖਾਣ ਲਈ ਜੀਵ ਹੱਤਿਆ ਵਿਵਰਜਤ ਹੈ, ਸਗੋਂ ਜੀਵਾਂ ਤੇ ਦਇਆ ਦੀ ਭਾਵਨਾ ਦਸੀ ਗਈ ਹੈ - 'ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ।।'

ਅਜ ਤਾਂ ਨਾ ਸਿਰਫ਼ ਬਲੀ ਨੂੰ ਦੁਨੀਆਂ ਦੇ ਸਾਰੇ ਦੇਸ਼ਾਂ ਵਿਚ ਗੈਰ-ਕਾਨੂੰਨੀ ਕਰਾਰ ਦਿਤਾ ਜਾ ਚੁਕਿਆ ਹੈ, ਸਗੋਂ ਸ਼ਿਕਾਰ ਖੇਡਣ ਤੇ ਵੀ ਪਾਬੰਦੀ ਲਗੀ ਹੋਈ ਹੈ। ਇਨ੍ਹਾਂ ਨੂੰ ਅਣ ਮਨੁਖੀ ਮੰਨਿਆਂ ਜਾ ਚੁਕਿਆ ਹੈ।

### v) ਬਦਲਾ

ਬਿਵਸਥਾ ਸਾਰ (Deuteronomy) 19:21 ਅਨੁਸਾਰ ਜਾਨ ਦੇ ਵੱਟੇ ਜਾਨ, ਅੱਖ ਦੇ ਬਦਲੇ ਅੱਖ, ਦੰਦ ਦੇ ਵੱਟੇ ਦੰਦ, ਹਥ ਦੇ ਵੱਟੇ ਹਥ, ਪੈਰ ਦੇ ਵੱਟੇ ਪੈਰ ਦਾ ਨਿਆਂ ਹੀ ਯਹੋਵਾ ਨੂੰ ਪ੍ਰਵਾਨ ਹੈ। ਦਇਆ ਦਾ ਕੋਈ ਸਥਾਨ ਨਹੀਂ।

ਗੁਰਮਤਿ ਵਿਚ ਖਿਮਾ ਦੀ ਭਾਵਨਾ ਮੁਖ ਹੈ - 'ਫਰੀਦਾ ਜੋ ਤੈ ਮਾਰਨਿ ਮੁਕੀਆ ਤਿਨ੍ਾ ਨ ਮਾਰੈ ਘੁੰਮਿ।। ਆਪਨੜੈ ਘਰਿ ਜਾਈਐ ਪੈਰ ਤਿਨ੍ਾ ਦੇ ਚੁੰਮਿ।।' ਗੁਰਬਾਣੀ ਅਨੁਸਾਰ ਜਿਥੇ ਖਿਮਾ ਵਸਦੀ ਹੈ ਉਥੇ ਰੱਬ ਵਸਦਾ ਹੈ - 'ਜਹਾ ਲੋਭੁ ਤਹ ਕਾਲੁ ਹੈ ਜਹਾ ਖਿਮਾ ਤਹ ਆਪਿ।।'

ਅਜ ਦੇ ਸਭਿਅਕ ਸਮਾਜ ਦੇ ਵਿਚ ਤੁਰੈਤ ਵਰਗਾ ਬਦਲਾ ਸਵੀਕਾਰ ਨਹੀਂ ਕੀਤਾ ਜਾ ਸਕਦਾ ਅਤੇ ਅਜਿਹਾ ਬਦਲਾ, ਗ਼ੈਰ-ਕਾਨੂੰਨੀ ਵੀ ਹੈ।

### vi) ਸੱਬੱਥ ਸਬੰਧੀ ਨਿਯਮ

ਕੂਚ (Exodus)35:1-3 ਅਨੁਸਾਰ, ਜੋ ਸੱਬੱਥ ਦੇ ਦਿਨ ਕੰਮ ਕਰੇ ਉਸ ਨੂੰ ਮੌਤ ਦਿਤੀ ਜਾਵੇ। ਇਸ ਦਿਨ ਘਰ ਦੇ ਵਿਚ ਅੱਗ ਵੀ ਨਹੀਂ ਬਾਲਣੀ। ਇਸ ਦਿਨ ਲਈ, ਯਹੋਵਾ ਨੂੰ ਭੋਜਨ ਦਿਓ, ਜੋ priests ਖਾਣਗੇ। ਲੇਵੀਆਂ 24:9

ਸਬੱਥ ਦੇ ਦਿਨ ਭੋਜਨ ਪਕਾਉਣ ਤੇ ਮੌਤ ਦੀ ਸਜ਼ਾ ਗ਼ੈਰ ਮਨੁਖੀ ਹੈ ਜਿਸਦੀ ਅਜ ਦੇ ਸਮਾਜ ਵਿਚ ਕੋਈ ਥਾਂ ਨਹੀਂ।

ਗੁਰਮਤਿ ਅਨੁਸਾਰ ਸਾਰੇ ਦਿਨ ਬਰਾਬਰ ਹਨ ਅਤੇ ਸਾਰੇ ਦਿਨ ਹੀ ਵਾਹਗੁਰੂ ਨੂੰ ਸਮੱਰਪਤ ਹਨ। ਖਾਣ ਪੀਣ ਜਾਂ ਧਰਮ ਦੀ ਕਿਰਤ ਕਰਣ ਦੀ ਕਿਸੇ ਦਿਨ ਵੀ ਮਨਾਹੀ ਨਹੀਂ। ਸਗੋਂ ਅੰਨ ਦਾ ਕਿਸੇ ਵੀ ਤਰ੍ਹਾਂ ਦਾ ਤਿਆਗ ਪਰਵਾਨਤ ਨਹੀਂ - 'ਅੰਨੈ ਬਿਨਾ ਨ ਹੋਇ ਸੁਕਾਲੁ।। ਤਜਿਐ ਅੰਨਿ ਨ ਮਿਲੈ ਗੁਪਾਲੁ।।'

### vii) ਇਸਤਰੀ ਦੀ ਜਿਨਸੀ ਸ਼ੁਧਤਾ

ਤੁਰੈਤ ਵਿਚਲਾ ਇਹ ਨਿਯਮ, **ਸਭ ਤੋਂ ਵਧ ਘਿਨਾਉਣਾ**, ਘ੍ਰਿਣਾ ਕਰਣ ਜੋਗ ਹੈ, ਜਿਸਦੀ ਅਜ ਦੇ ਸਭਿਅਕ ਸਮਾਜ ਵਿਚ ਕੋਈ ਥਾਂ ਨਹੀਂ ਹੋ ਸਕਦੀ। ਇਹ ਵਿਗਿਆਨਕ ਤੌਰ ਤੇ ਵੀ ਗ਼ਲਤ ਹੈ। ਅਜਿਹੇ ਨਿਯਮ ਦੀ ਸਿੱਖੀ ਵਿਚ ਕੋਈ ਥਾਂ ਨਹੀਂ। ਨਾਂ ਹੀ ਸਿਖ ਧਰਮ ਵਿਚ ਤਲਾਕ ਦੀ ਕੋਈ ਥਾਂ ਹੈ। ਪਰ ਇਸਤਰੀ

ਪਰ ਪੁਰਸ਼ ਗਮਨ ਕਰਨਾ, ਬੱਜਰ ਕੁਰਹਿਤ ਹੈ ਅਤੇ ਅਜਿਹਾ ਕਰਣ ਵਾਲੇ ਦੀ ਸਿਖੀ ਵਿਚ ਥਾਂ ਨਹੀਂ। ਇਸਤਰੀਆਂ ਨੂੰ ਸਤਿਕਾਰ ਜੋਗ ਥਾਂ ਦਿਤੀ ਗਈ ਹੈ।

ਤੁਰੈਤ ਵਿਚ Proof of sexual purity of the married woman ਬਿਵਸਥਾ ਸਾਰ (Deuteronomy) 22:13-30

ਜੇ ਇਕ ਬੰਦਾ ਕਿਸੇ ਕੁੜੀ ਨਾਲ ਵਿਆਹ ਕਰੇ ਅਤੇ ਬਾਅਦ ਵਿਚ ਉਸ ਨੂੰ ਰਖਣਾ ਨਾ ਚਾਹੇ ਅਤੇ ਉਸ ਤੇ ਝੂਠੇ ਇਲਜ਼ਾਮ ਲਗਾਏ ਕਿ ਵਿਆਹ ਸਮੇਂ ਇਹ ਕੁਆਰੀ ਨਹੀਂ ਸੀ ਤਾਂ ਕੁੜੀ ਦੇ ਮਾਤਾ ਪਿਤਾ, ਉਸ ਕੁੜੀ ਦੇ ਵਿਆਹ ਵਾਲੀ ਰਾਤ (ਸੁਹਾਗਰਾਤ) ਦੀ ਖੂਨ ਦੀ ਲਿਬੜੀ ਚੱਦਰ, ਉਸ ਦੇ ਕੁਆਰੇਪਨ ਦੇ ਸਬੂਤ ਵਜੋਂ ਪੇਸ਼ ਕਰੇ।

"ਕਸਬੇ ਦੇ ਬਜ਼ੁਰਗਾਂ ਅੱਗੇ ਸਭਾ ਵਾਲੀ ਥਾਂ ਉਤੇ ਸਬੂਤ ਲੈ ਕੇ ਆਉਣਾ ਚਾਹੀਦਾ ਹੈ ਕਿ ਕੁੜੀ ਕੁਆਰੀ ਸੀ। ਕੁੜੀ ਦੇ ਪਿਤਾ ਨੂੰ ਆਗੂਆਂ ਨੂੰ ਇਹ ਆਖਣਾ ਚਾਹੀਦਾ ਹੈ, 'ਮੈਂ ਆਪਣੀ ਧੀ ਇਸ ਆਦਮੀ ਨੂੰ ਵਿਆਹੀ ਸੀ ਪਰ ਹੁਣ ਇਹ ਉਸ ਨੂੰ ਨਹੀਂ ਚਾਹੁੰਦਾ। ਇਸ ਆਦਮੀ ਨੇ ਮੇਰੀ ਧੀ ਦੇ ਵਿਰੁੱਧ ਝੂਠ ਬੋਲਿਆ ਹੈ ਉਸ ਨੇ ਆਖਿਆ ਸੀ, 'ਮੈਨੂੰ ਇਹ ਸਬੂਤ ਨਹੀਂ ਮਿਲਿਆ ਕਿ ਤੁਹਾਡੀ ਧੀ ਕੁਆਰੀ ਹੈ।' ਪਰ ਇਸ ਗੱਲ ਦਾ ਇਹ ਸਬੂਤ ਇਹ ਹੈ ਕਿ ਮੇਰੀ ਧੀ ਕੁਆਰੀ ਸੀ। ਫ਼ੇਰ ਉਨ੍ਹਾਂ ਨੂੰ ਚਾਹੀਦਾ ਹੈ ਕਿ ਕਸਬੇ ਦੇ ਆਗੂਆਂ ਨੂੰ ਲਹੂ ਦੀ ਲਿਬੜੀ ਹੋਈ (wedding sheet with bloodstains) ਦਿਖਾਉਣ। ਇਸ ਤੇ ਉਸ ਪਤੀ ਨੂੰ, ਪਿੰਡ ਦੇ ਆਗੂਆਂ ਵਲੋਂ ਕੁਟਿਆ ਜਾਵੇ। ਉਸ ਤੋਂ 100 ਚਾਂਦੀ ਦੇ ਸਿੱਕੇ ਲੈ ਕੇ ਕੁੜੀ ਦੇ ਪਿਤਾ ਨੂੰ ਦਿਤੇ ਜਾਣ। ਉਸ ਪਤੀ ਨੂੰ ਸਾਰੀ ਉਮਰ ਉਸ ਪਤਨੀ ਨੂੰ ਰਖਣਾ ਹੋਵੇਗਾ ਅਤੇ ਕਦੇ ਤਲਾਕ ਨਹੀਂ ਦੇ ਸਕਦਾ।"

ਪਰ ਜੇ ਅਜਿਹਾ ਨਾ ਹੋ ਸਕੇ ਤਾਂ ਉਸ ਕੁੜੀ ਨੂੰ ਪੱਥਰ ਮਾਰ ਮਾਰ ਕੇ ਮਾਰ ਦਿਤਾ ਜਾਏ। From: Punjabi Bible: Easy-to-Read Version (ERV-PA) (https://www.biblegateway.com/passage/?search=%E0%A8%AC%E0%A8%BF%E0%A8%B5%E0%A8%B8%E0%A8%A5%E0%A8%BE%20%E0%A8%B8%E0%A8%BE%E0%A8%B0%2022&version=ERV-PA)

ਜੇ ਕੋਈ ਮਨੁਖ ਕਿਸੇ ਕੁੜੀ ਦਾ ਰੇਪ ਕਰਦਿਆਂ ਪਕੜਿਆ ਜਾਏ, ਅਤੇ ਜੇ ਉਹ ਮੰਗੀ ਗਈ ਨਾ ਹੋਵੇ ਤਾਂ ਉਹ ਬੰਦਾ, ਲੜਕੀ ਦੇ ਪਿਤਾ ਨੂੰ 50 ਚਾਂਦੀ ਦੇ ਸਿੱਕੇ ਦਵੇ ਅਤੇ ਹਮੇਸ਼ਾਂ ਲਈ ਉਸ ਕੁੜੀ ਨਾਲ ਵਿਆਹ ਕਰੇ।

Prisoners of war ਵਿਚੋਂ ਜੇ ਕੋਈ ਸੋਹਣੀ ਕੁੜੀ ਪਸੰਦ ਆ ਜਾਏ ਤਾਂ ਉਸ ਨਾਲ ਵਿਆਹ ਕਰ ਲਿਆ ਜਾਏ। ਕੁਝ ਸਮੇਂ ਬਾਅਦ ਉਸ ਨੂੰ ਛੱਡਿਆ ਜਾ ਸਕਦਾ ਹੈ। ਬਿਵਸਥਾ ਸਾਰ 21:10-14

18.7.2020